Vini Mahajan, IAS
ਵਿਨੀ ਮਹਾਜਨ, ਆਈ ਏ ਐਸ
ਪ੍ਰਮੁੱਖ ਸਕੱਤਰ / Principal Secretary
ਟੈਲੀਫੋਨ/Telephone No 0172-2741820 (O)
ਫੈਕਸ/ Fax 0172-5016221
E mail pshfwpunjab@gmail com

ਅੰ ਸ ਪੱ ਨੰ /D O No PS/PSHFW/2015/140

ਪੰਜਾਬ ਸਰਕਾਰ,
ਸਿਹਤ ਤੇ ਪਰਿਵਾਰ ਭਲਾਈ ਵਿਭਾਗ

Government of Punjab,
Department of Health & Family Welfare,
Chandigarh

ਮਿਤੀ/Date 23-07-2015

ਵਿਸ਼ਾ:- **ਫੂਡ ਸਪਲਾਈ ਵਿਭਾਗ ਵੱਲੋਂ ਇੱਕ ਪੈਕਿਟ ਵਿੱਚ ਦੱਸ ਤੋਂ ਘੱਟ ਸਿਗਰੇਟ ਦੀ ਪੈਕਿੰਗ ਦੀ ਪ੍ਰਵਾਨਗੀ ਤੰਬਾਕੂ ਕੰਪਨੀਆਂ ਨੂੰ ਨਾ ਦੇਣ ਸਬੰਧੀ।**

ਪਿਆਰੇ ਸ੍ਰੀ ਵਜਰਾਲਿੰਗਮ,

ਮੈਂ ਆਪ ਜੀ ਦਾ ਧਿਆਨ ਤੰਬਾਕੂ ਕੰਟਰੋਲ ਐਕਟ 2003 ਵੱਲ ਦਿਵਾਉਣਾ ਚਾਹੁੰਦੀ ਹਾਂ ਜਿਸ ਦੇ ਸੈਕਸ਼ਨ 7 ਅਨੁਸਾਰ "ਬਿਨ੍ਹਾ ਸਿਹਤ ਚਿਤਾਵਨੀਆਂ ਦੇ ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦਾ ਦੀ ਵਿਕਰੀ ਤੇ ਰੋਕ " ਹੈ ।।ਵਧੇਰੀ ਜਾਣਕਾਰੀ ਸਿਹਤ ਵਿਭਾਗ ਦੀ ਵੈਬਸਾਈਟ www.pbheath.gov.in/tobacco.html ਤੇ ਉਪਲਬਧ ਹੈ।।

ਮੈਂ ਆਪ ਜੀ ਦੇ ਧਿਆਨ ਵਿੱਚ ਇਹ ਲਿਆਉਂਣਾ ਚਾਹੁੰਦੀ ਹੈ ਕਿ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ: 21/51/2008-5ਸਿ5/383571/2/3 ਮਿਤੀ 06/01/2015 ਰਾਂਹੀ ਖੁੱਲੀ ਸਿਗਰੇਟ/ਤੰਬਾਕੂ ਤੇ ਤਹਿਸੂਦਾ ਸਿਹਤ ਚੇਤਾਵਨੀ (Pictorial warning) ਨਾ ਹੋਣ ਤੇ ਪਾਬੰਦੀ ਲਗਾਈ ਜਾ ਚੁੱਕੀ ਹੈ।(ਫਲੈਗ-ੳ)

**ਮੈਂ ਆਪ ਜੀ ਦੇ ਧਿਆਨ ਵਿੱਚ ਇਹ ਵੀ ਲਿਆਉਂਣਾ ਚਾਹੁੰਦੀ ਹੈ ਕਿ ਕਈ ਥਾਵਾਂ ਤੇ ਸਿਗਰੇਟ ਕੰਪਨੀਆਂ ਇੱਕ ਜਾਂ ਦੋ ਸਿਗਰੇਟ ਦੇ ਪੈਕ ਬਣਾ ਕੇ ਵੇਚ ਰਹੀਆਂ ਹਨ।ਇਹਨਾਂ ਪੈਕਿਟਾਂ ਦੀ ਘੱਟ ਕੀਮਤ ਹੋਣ ਕਾਰਨ ਬੱਚਿਆਂ ਖਾਸ ਕਰ ਯੁਵਾ ਤੱਕ ਇਨ੍ਹਾਂ ਦੀ ਪਹੁੰਚ ਆਸਾਨ ਹੋ ਗਈ ਹੈ ਅਤੇ ਬੱਚਿਆਂ ਵਿੱਚ ਤੰਬਾਕੂ ਦੀ ਲੱਤ ਘੱਟ ਉਮਰ ਵਿੱਚ ਲੱਗਣ ਦੀ ਸੰਭਾਵਨਾ ਵੱਧ ਸਕਦੀ ਹੈ।**

ਮੈ ਧੰਨਵਾਦੀ ਹੋਵਾਂਗੀ ਜੇਕਰ ਆਪ ਜੀ ਆਪਣਾ ਨਿੱਜੀ ਧਿਆਨ ਦਿੰਦੇ ਹੋਏ ਆਪ ਦੇ ਵਿਭਾਗ ਅਧੀਨ ਲੀਗਲ ਮੇਟਰੋਲੋਜੀ ਵਿੰਗ ਵੱਲੋਂ ਤੰਬਾਕੂ ਕੰਪਨੀਆਂ ਨੂੰ ਇੱਕ ਪੈਕਿਟ ਵਿੱਚ ਦੱਸ ਤੋਂ ਘੱਟ ਸਿਗਰੇਟ ਦੀ ਪੈਕਿੰਗ ਦੀ ਪ੍ਰਵਾਨਗੀ ਨਾ ਦਿੱਤੀ ਜਾਵੇ ਅਤੇ ਇਸ ਸਬੰਧੀ ਤੰਬਾਕੂ ਕੰਪਨੀਆਂ ਨੂੰ ਸਖਤ ਹਿਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਤਾਂ ਜੋ ਆਉਣ ਵਾਲੀ ਨੋਜਵਾਨ ਪੀੜ੍ਹੀ ਨੂੰ ਤੰਬਾਕੂ ਦੇ ਮਾੜੇ ਪ੍ਰਭਾਵਾਂ ਤੋਂ ਸੁੱਰਖਿਅਤ ਰੱਖਿਆ ਜਾ ਸਕੇ।

ਸਾਦਰ ਸਹਿਤ

ਹਿੱਤੂ

(ਵਿਨੀ ਮਹਾਜਨ)

24/7/15

ਜੀ. ਵਜਰਾਲਿੰਗਮ,ਆਈ.ਏ.ਐਸ.,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਖੁਰਾਕ ਤੇ ਸਪਲਾਈ ਵਿਭਾਗ।

O/C